# Civics (History and Government) Questions for the Naturalization Test

# ਸਿਟੀਜ਼ਨਸ਼ਿਪ ਟੈਸਟ ਲਈ ਨਾਗਰਿਕ ਸ਼ਾਸਤਰ (ਇਤਿਹਾਸ ਅਤੇ ਸਰਕਾਰ) ਦੇ ਸਵਾਲ

(ਨੋਟ: ਸਿਟੀਜ਼ਨਸ਼ਿਪ ਟੈਸਟ ਸਮੇਂ ਯੂ ਐਸ ਆਈ ਸੀ ਐਸ ਅਫਸਰ ਸਵਾਲ ਅੰਗ੍ਰਜ਼ੀ ਵਿਚ ਪੁਛੇਗਾ ਅਤੇ ਜਵਾਬ ਵੀ ਅੰਗ੍ਰੇਜ਼ੀ ਵਿਚ ਹੀ ਦੇਣੇ ਹੋਣਗੇ। ਇਹ ਅਨੁਵਾਦ ਸਿਟੀਜ਼ਨਸ਼ਿਪ ਦਰਖਾਸਤਕਰਤਾ ਦੀ ਸਹੂਲਤ ਲਈ ਹੈ।

ਕੁਝ ਸਵਾਲਾਂ ਵਿਚ 'ਕਿਸੇ ਇਕ ਦਾ ਨਾਂ ਲਓ' ਦੇ ਜਵਾਬ ਵਿਚ ਹੇਠਾਂ ਕਈ ਨਾਂ ਹੋਣਗੇ। ਇਹ ਤੁਹਾਡੀ ਸਹੂਲਤ ਲਈ ਹੈ ਅਤੇ ਤੁਸੀਂ ਇਨ੍ਹਾਂ ਵਿਚੋਂ ਕਿਸੇ ਇਕ ਦਾ ਨਾਂ ਲੈ ਸਕਦੇ ਹੋ।–ਅਨੁਵਾਦਕ)

## Civics (History and Government) Questions for the Naturalization Test
## ਸਿਟੀਜ਼ਨਸ਼ਿਪ ਟੈਸਟ ਲਈ ਨਾਗਰਿਕ ਸ਼ਾਸਤਰ (ਇਤਿਹਾਸ ਅਤੇ ਸਰਕਾਰ) ਦੇ ਸਵਾਲ

The 100 civics (history and government) questions and answers for the naturalization test are listed below. The civics test is an oral test and the USCIS Officer will ask the applicant up to 10 of the 100 civics questions. An applicant must answer 6 out of 10 questions correctly to pass the civics portion of the naturalization test.

ਸਿਟੀਜ਼ਨਸ਼ਿਪ ਟੈਸਟ ਲਈ ਨਾਗਰਿਕ ਸ਼ਾਸਤਰ (ਇਤਿਹਾਸ ਅਤੇ ਸਰਕਾਰ) ਬਾਰੇ 100 ਸਵਾਲ ਅਤੇ ਉਨ੍ਹਾਂ ਦੇ ਜਵਾਬ ਹੇਠਾਂ ਦਿਤੇ ਗਏ ਹਨ। ਨਾਗਰਿਕ ਸ਼ਾਸਤਰ ਦਾ ਟੈਸਟ ਜਬਾਨੀ ਹੈ ਅਤੇ ਯੂ ਐਸ ਸੀ ਆਈ ਐਸ ਅਫਸਰ ਉਮੀਦਵਾਰ ਨੂੰ 100 ਸਵਾਲਾਂ ਵਿਚੋਂ 10 ਸਵਾਲ ਪੁਛੇਗਾ। ਦਰਖਾਸਤਕਰਤਾ ਲਈ ਸਿਟੀਜ਼ਨਸ਼ਿਪ ਟੈਸਟ ਦੇ ਨਾਗਰਿਕ ਸ਼ਾਸਤਰ ਹਿੱਸੇ ਨੂੰ ਪਾਸ ਕਰਨ ਵਾਸਤੇ ਦਸਾਂ ਵਿਚੋਂ ਛੇ ਸਵਾਲਾਂ ਦੇ ਸਹੀ ਜਵਾਬ ਦੇਣੇ ਜਰੂਰੀ ਹਨ।

On the naturalization test, some answers may change because of elections or appointments. As you study for the test, make sure that you know the most current answers to these questions. Answer these questions with the name of the official who is serving at the time of your eligibility interview with USCIS. The USCIS Officer will not accept an incorrect answer.

ਸਿਟੀਜ਼ਨਸ਼ਿਪ ਟੈਸਟ ਵਿਚੋਂ ਕੁਝ ਸਵਾਲਾਂ ਦੇ ਜਵਾਬ ਚੋਣਾਂ ਜਾਂ ਨਵੀਆਂ ਨਿਯੁਕਤੀਆਂ ਕਰਕੇ ਬਦਲ ਸਕਦੇ ਹਨ। ਜਦੋਂ ਤੁਸੀਂ ਟੈਸਟ ਲਈ ਤਿਆਰੀ ਕਰੋ ਤਾਂ ਇਹ ਯਕੀਨੀ ਬਣਾਓ ਕਿ ਸਵਾਲਾਂ ਦੇ ਤੁਹਾਡੇ ਜਵਾਬ ਬਿਲਕੁਲ ਮੌਕੇ ਅਨੁਸਾਰ ਸਹੀ ਹਨ। ਇਨ੍ਹਾਂ ਸਵਾਲਾਂ ਦੇ ਜਵਾਬ ਦਿੰਦਿਆਂ ਉਸ ਅਧਿਕਾਰੀ ਦਾ ਨਾਂ ਲਓ ਜੋ ਯੂ ਐਸ ਸੀ ਆਈ ਐਸ ਨਾਲ ਤੁਹਾਡੀ ਯੋਗਤਾ ਇੰਟਰਵਿਊ ਸਮੇਂ ਨਿਯੁਕਤ ਹੈ। ਯੂ ਐਸ ਸੀ ਆਈ ਐਸ ਅਫਸਰ ਤੁਹਾਡੇ ਗਲਤ ਜਵਾਬ ਨੂੰ ਪ੍ਰਵਾਨ ਨਹੀਂ ਕਰੇਗਾ।

**Although USCIS is aware that there may be additional correct answers to the 100 civics questions, applicants are encouraged to respond to the civics questions using the answers provided below.**

**ਭਾਵੇਂ ਯੂ ਐਸ ਸੀ ਆਈ ਐਸ ਇਹ ਗੱਲ ਜਾਣਦੀ ਹੈ ਕਿ ਇਨ੍ਹਾਂ 100 ਸਵਾਲਾਂ ਦੇ ਸਹੀ ਜਵਾਬ ਹੋਰ ਵੀ ਹੋ ਸਕਦੇ ਹਨ, ਫਿਰ ਵੀ ਦਰਖਾਸਤਕਰਤਾ ਨੂੰ ਨਾਗਰਿਕ ਸ਼ਾਸਤਰ ਦੇ ਸਵਾਲਾਂ ਦਾ ਜਵਾਬ ਹੇਠਾਂ ਦੱਸੇ ਜਵਾਬਾਂ ਵਿਚੋਂ ਹੀ ਦੇਣਾ ਚਾਹੀਦਾ ਹੈ।**

### AMERICAN GOVERNMENT
### ਅਮਰੀਕੀ ਸਰਕਾਰ

#### A: Principles of American Democracy
#### ੳ. ਅਮਰੀਕੀ ਜਮਹੂਰੀਅਤ ਦੇ ਅਸੂਲ

**1. What is the supreme law of the land?**
**ਦੇਸ਼ ਦਾ ਸਰਵੁਚ ਕਾਨੂੰਨ ਕੀ ਹੈ?**

■ *the Constitution*
ਸੰਵਿਧਾਨ

**2. What does the Constitution do?**
**ਸੰਵਿਧਾਨ ਕੀ ਕਰਦਾ ਹੈ?**

■ *sets up the government*
ਸਰਕਾਰ ਦੀ ਸਥਾਪਨਾ ਕਰਦਾ ਹੈ।

■ *defines the government*
ਸਰਕਾਰ ਦੀ ਵਿਆਖਿਆ ਕਰਦਾ ਹੈ।

■ *protects basic rights of Americans*
ਅਮਰੀਕਨਾਂ ਦੇ ਬੁਨਿਆਦੀ ਹੱਕਾਂ ਦੀ ਰਾਖੀ ਕਰਦਾ ਹੈ।

**3. The idea of self-government is in the first three words of the Constitution. What are these words?**
**ਸਵੈ-ਸਰਕਾਰ ਦਾ ਵਿਚਾਰ ਸੰਵਿਧਾਨ ਦੇ ਪਹਿਲੇ ਤਿੰਨ ਸ਼ਬਦਾਂ ਵਿਚ ਅੰਕਿਤ ਹੈ। ਇਹ ਸ਼ਬਦ ਕੀ ਹਨ?**

■*We the People*
*ਅਸੀਂ ਜਨਤਾ ਹਾਂ।*

**4. What is an amendment?**
**ਸੋਧ ਕੀ ਹੈ?**

■*a change (to the Constitution)*
*ਸੰਵਿਧਾਨ ਵਿਚ ਤਬਦੀਲੀ*

■ *an addition (to the Constitution)*
*ਸੰਵਿਧਾਨ ਵਿਚ ਵਾਧਾ*

**5. What do we call the first ten amendments to the Constitution?**
**ਸੰਵਿਧਾਨ ਵਿਚ ਪਹਿਲੀਆਂ ਦਸ ਸੋਧਾਂ ਨੂੰ ਕੀ ਆਖਦੇ ਹਾਂ?**

■*the Bill of Rights*
*ਅਧਿਕਾਰਾਂ ਦਾ ਕਾਨੂੰਨ (ਬਿਲ ਆਫ ਰਾਈਟਸ)*

**6. What is one right or freedom from the First Amendment?**
**ਪਹਿਲੀ ਸੰਵਿਧਾਨਕ ਸੋਧ ਰਾਹੀਂ ਮਿਲਿਆ ਇਕ ਅਧਿਕਾਰ ਜਾਂ ਆਜਾਦੀ ਕੀ ਹੈ?**

■*speech*
*ਬੋਲਣ ਦਾ ਹੱਕ*

■*religion*
*ਧਰਮ ਦਾ ਹੱਕ*

■ *assembly*
*ਇਕੱਤਰ ਹੋਣ ਦਾ ਹੱਕ*

■ *press*
*ਪ੍ਰੈਸ (ਪੱਤਰਕਾਰੀ) ਦਾ ਹੱਕ*

■ *petition the government*
*ਸਰਕਾਰ ਕੋਲ ਪਟੀਸ਼ਨ ਦਾ ਹੱਕ*

**7. How many amendments does the Constitution have?**
**ਸੰਵਿਧਾਨ ਵਿਚ ਕਿੰਨੀਆਂ ਸੋਧਾਂ ਹੋ ਚੁਕੀਆਂ ਹਨ?**

■ *twenty-seven (27)*
*ਸਤਾਈ (27)*

**8. What did the Declaration of Independence do?**
**ਆਜਾਦੀ ਦੇ ਐਲਾਨਨਾਮੇ ਨਾਲ ਕੀ ਹੋਇਆ?**

■ *announced our independence (from Great Britain)*
*ਬਰਤਾਨੀਆ ਤੋਂ ਸਾਡੀ ਆਜਾਦੀ ਦਾ ਐਲਾਨ ਹੋਇਆ*

■ *declared our independence (from Great Britain)*

*ਬਰਤਾਨੀਆ ਤੋਂ ਸਾਡੀ ਆਜਾਦੀ ਦੀ ਘੋਸ਼ਣਾ*

■ *said that the United States is free (from Great Britain)*

*ਦੱਸਿਆ ਗਿਆ ਕਿ ਸੰਯੁਕਤ ਰਾਸ਼ਟਰ ਅਮਰੀਕਾ ਬਰਤਾਨੀਆ ਤੋਂ ਆਜਾਦ ਹੈ*

**9. What are two rights in the Declaration of Independence?**

**ਆਜਾਦੀ ਦੇ ਐਲਾਨਨਾਮੇ ਵਿਚ ਕਿਹੜੇ ਦੋ ਹੱਕ ਹਨ?**

■ *life*

*ਜ਼ਿੰਦਗੀ ਦਾ ਹੱਕ*

■ *liberty*

*ਆਜਾਦੀ ਦਾ ਹੱਕ*

■ *pursuit of happiness*

*ਖੁਸ਼ੀ ਦੀ ਪ੍ਰਾਪਤੀ ਦਾ ਹੱਕ*

**10. What is freedom of religion?**

**ਧਰਮ ਦੀ ਆਜਾਦੀ ਕੀ ਹੈ?**

■ *You can practice any religion, or not practice a religion.*

*ਤੁਸੀਂ ਕੋਈ ਵੀ ਧਰਮ ਅਪਨਾਉਣ ਜਾਂ ਕੋਈ ਵੀ ਧਰਮ ਨਾ ਅਪਨਾਉਣ ਲਈ ਆਜਾਦ ਹੋ।*

**11. What is the economic system in the United States?***

**ਅਮਰੀਕਾ ਵਿਚ ਕਿਹੜੀ ਆਰਥਕ ਪ੍ਰਣਾਲੀ ਹੈ?**

■*capitalist economy*

*ਪੂੰਜੀਵਾਦੀ ਆਰਥਿਕਤਾ*

■*market economy*

*ਮੰਡੀ ਆਰਥਿਕਤਾ*

**12. What is the "rule of law"?**

**ਕਾਨੂੰਨ ਦਾ ਰਾਜ ਕੀ ਹੈ?**

■ *Everyone must follow the law.*

*ਹਰ ਕੋਈ ਕਾਨੂੰਨ ਦੀ ਪਾਲਣਾ ਕਰਨ ਦਾ ਪਾਬੰਦ ਹੈ।*

■ *Leaders must obey the law.*

*ਆਗੂ ਲਾਜ਼ਮੀ ਤੌਰ 'ਤੇ ਕਾਨੂੰਨ ਦੀ ਪਾਲਣਾ ਕਰਨ।*

■ *Government must obey the law.*

*ਸਰਕਾਰ ਲਾਜ਼ਮੀ ਤੌਰ ਤੇ ਕਾਨੂੰਨ ਦੀ ਪਾਲਣਾ ਕਰੇ।*

■*No one is above the law.*

*ਕੋਈ ਵੀ ਕਾਨੂੰਨ ਤੋਂ ਉਪਰ ਨਹੀਂ ਹੈ।*

## B: System of Government

## ਅ. ਸਰਕਾਰ ਦਾ ਸਿਸਟਮ

**13. Name one branch or part of the government.?**

**ਸਰਕਾਰ ਦੇ ਕਿਸੇ ਇਕ ਹਿੱਸੇ ਜਾਂ ਇਸ ਦੀ ਕਿਸੇ ਇਕ ਸ਼ਾਖਾ ਦਾ ਨਾਂ ਲਓ।**

■*Congress*

*ਕਾਂਗਰਸ*

■*legislative*

*ਵਿਧਾਨ ਸਭਾ*

■ *President*

*ਰਾਸ਼ਟਰਪਤੀ*

■ *executive*

*ਕਾਰਜਪਾਲਿਕਾ*

■ *the courts*

*ਅਦਾਲਤਾਂ*

■ *judicial*

*ਨਿਆਂਪਾਲਿਕਾ*

**14. What stops one branch of government from becoming too powerful?**

**ਸਰਕਾਰ ਦੀ ਕਿਸੇ ਸ਼ਾਖਾ ਨੂੰ ਲੋੜੋਂ ਵੱਧ ਸ਼ਕਤੀਸ਼ਾਲੀ ਬਣਨ ਤੋਂ ਕਿਹੜੀ ਚੀਜ਼ ਰੋਕਦੀ ਹੈ।**

■ *checks and balances*

ਰੋਕਾਂ ਅਤੇ ਸੰਤੁਲਨ (ਚੈਕਸ ਐਂਡ ਬੈਲੈਂਸਿਜ਼)

■ *separation of powers*

*ਸ਼ਕਤੀਆਂ ਦੀ ਅਲਹਿਦਗੀ (ਵੰਡ)*

**15. Who is in charge of the executive branch?**

**ਕਾਰਜਕਾਰੀ ਸ਼ਾਖਾ ਦਾ ਮੁਖੀ ਕੌਣ ਹੈ?**

■ *the President*

*ਰਾਸ਼ਟਰਪਤੀ*

**16. Who makes federal laws?**

**ਸੰਘੀ ਕਾਨੂੰਨ ਕੌਣ ਘੜਦਾ ਹੈ?**

■*Congress*

*ਕਾਂਗਰਸ*

■*Senate and House (of Representatives)*

*ਸੈਨੇਟ ਅਤੇ (ਲੋਕ ਪ੍ਰਤੀਨਿਧੀਆਂ ਦਾ) ਸਦਨ*

■ *(U.S. or national) legislature*

*(ਸੰਯੁਕਤ ਰਾਸ਼ਟਰ ਜਾਂ ਕੌਮੀ) ਵਿਧਾਨ ਸਭਾ*

**17. What are the two parts of the U.S. Congress?***

**ਯੂ ਐਸ ਕਾਂਗਰਸ ਦੇ ਦੋ ਹਿੱਸੇ ਕਿਹੜੇ ਹਨ?**

■*the Senate and House (of Representatives)*

*ਸੈਨੇਟ ਅਤੇ (ਲੋਕ ਪ੍ਰਤੀਨਿਧੀਆਂ ਦਾ) ਸਦਨ*

**18. How many U.S. Senators are there?**

**ਯੂ ਐਸ ਸੈਨੇਟਰ ਕਿੰਨੇ ਹਨ?**

■ *one hundred (100)*

*ਇਕ ਸੌ (100)*

**19. We elect a U.S. Senator for how many years?**

**ਅਸੀਂ ਯੂ ਐਸ ਸੈਨੇਟਰ ਦੀ ਚੋਣ ਕਿੰਨੇ ਸਾਲਾਂ ਲਈ ਕਰਦੇ ਹਾਂ?**

■ *six (6)*

*ਛੇ (6)*

**20. Who is one of your state's U.S. Senators now?***

**ਤੁਹਾਡੀ ਸਟੇਟ ਦੇ ਮੌਜੂਦਾ ਯੂ ਐਸ ਸੈਨੇਟਰਾਂ ਵਿਚੋਂ ਕਿਸੇ ਇਕ ਦਾ ਨਾਂ ਲਓ?**

■ *Answers will vary. [District of Columbia residents and residents of U.S. territories should answer that D.C.*

*(or the territory where the applicant lives) has*

*no U.S. Senators.]*

*ਜਵਾਬ ਵਖ ਵਖ ਹੋਵੇਗਾ। {ਡਿਸਟ੍ਰਿਕਟ ਆਫ ਕੋਲੰਬੀਆ ਅਤੇ ਅਮਰੀਕੀ ਸੰਘੀ ਖੇਤਰਾਂ ਦੇ ਵਾਸੀਆਂ ਦਾ ਜਵਾਬ ਹੋਵੇਗਾ ਡੀ ਸੀ (ਜਾਂ ਜਿਥੇ ਦਰਖਾਸਤਕਰਤਾ ਰਹਿੰਦਾ ਹੈ, ਦਾ) ਕੋਈ ਯੂ ਐਸ ਸੈਨੇਟਰ ਨਹੀਂ}*

**21. The House of Representatives has how many voting members?**

**ਲੋਕ ਪ੍ਰਤੀਨਿਧੀ ਸਭਾ ਦੇ ਕਿੰਨੇ ਵੋਟਿੰਗ ਮੈਂਬਰ ਹਨ?**

■ *four hundred thirty-five (435)*

*ਚਾਰ ਸੌ ਪੈਂਤੀ (435)*

**22. We elect a U.S. Representative for how many years?**

**ਅਸੀਂ ਯੂ ਐਸ ਪ੍ਰਤੀਨਿਧ ਦੀ ਚੋਣ ਕਿੰਨੇ ਸਾਲਾਂ ਲਈ ਕਰਦੇ ਹਾਂ?**

■ *two (2)*

*ਦੋ (2)*

**23. Name your U.S. Representative.**

**ਆਪਣੇ ਯੂ ਐਸ ਪ੍ਰਤੀਨਿਧੀ ਦਾ ਨਾਂ ਲਓ।**

■*Answers will vary. [Residents of territories with nonvoting Delegates or Resident Commissioners may provide the name of that Delegate or Commissioner. Also acceptable is any statement that the territory has no (voting) Representatives in Congress.]*

*ਜਵਾਬ ਵਖ ਵਖ ਹੋਵੇਗਾ। {ਗੈਰ ਵੋਟਿੰਗ ਡੈਲੀਗੇਟਾਂ ਜਾਂ ਰੈਜ਼ੀਡੈਂਟ ਕਮਿਸ਼ਨਰਾਂ ਵਾਲੇ ਖੇਤਰਾਂ ਦੇ ਵਾਸੀ ਆਪਣੇ ਡੈਲੀਗੇਟ ਜਾਂ ਕਮਿਸ਼ਨਰ ਦਾ ਨਾਂ ਲੈ ਸਕਦੇ ਹਨ। ਇਹ ਵੀ ਕਿਹਾ ਜਾ ਸਕਦਾ ਹੈ ਕਿ ਸਾਡੇ ਇਲਾਕੇ ਦਾ ਕਾਂਗਰਸ ਵਿਚ ਕੋਈ (ਵੋਟਿੰਗ) ਪ੍ਰਤੀਨਿਧੀ ਨਹੀਂ ਹੈ।*

**24. Who does a U.S. Senator represent?**

**ਯੂ ਐਸ ਸੈਨੇਟਰ ਕਿਸ ਦੀ ਪ੍ਰਤੀਨਿਧਤਾ ਕਰਦਾ ਹੈ?**

■*all people of the state*

*ਸਟੇਟ ਦੇ ਸਭ ਲੋਕਾਂ ਦੀ।*

**25. Why do some states have more Representatives than other states?**

**ਕੁਝ ਸਟੇਟਾਂ ਦੇ ਦੂਜੀਆਂ ਨਾਲੋਂ ਵੱਧ ਪ੍ਰਤੀਨਿਧੀ ਕਿਉਂ ਹਨ?**

■ *(because of) the state's population*

*(ਕਿਉਂਕਿ) ਸਟੇਟ ਦੀ ਆਬਾਦੀ ਵੱਧ ਹੈ।*

■ *(because) they have more people*

*(ਕਿਉਂਕਿ) ਸਟੇਟ ਵਿਚ ਵੱਧ ਲੋਕ ਰਹਿੰਦੇ ਹਨ।*

■*(because) some states have more people*

*(ਕਿਉਂਕਿ) ਕੁਝ ਸਟੇਟਾਂ ਵਿਚ ਲੋਕ ਵੱਧ ਹਨ।*

**26. We elect a President for how many years?**

**ਰਾਸ਼ਟਰਪਤੀ ਦੀ ਚੋਣ ਅਸੀਂ ਕਿੰਨੇ ਸਾਲਾਂ ਲਈ ਕਰਦੇ ਹਾਂ?**

■*four (4)*

*ਚਾਰ (4)*

**27. In what month do we vote for President?***

**ਰਾਸ਼ਟਰਪਤੀ ਦੀ ਚੋਣ ਅਸੀਂ ਕਿਸ ਮਹੀਨੇ ਕਰਦੇ ਹਾਂ?**

■ *November*

*ਨਵੰਬਰ ਮਹੀਨੇ*

**28. What is the name of the President of the United States now?***

**ਇਸ ਸਮੇਂ ਅਮਰੀਕਾ ਦੇ ਰਾਸ਼ਟਰਪਤੀ ਕੌਣ ਹਨ?**

■ *Barack Obama*

*ਬਰਾਕ ਓਬਾਮਾ*

■ *Obama*

*ਓਬਾਮਾ*

**29. What is the name of the Vice President of the United States now?**

**ਅਮਰੀਕਾ ਦੇ ਮੌਜੂਦਾ ਉਪ ਰਾਸ਼ਟਰਪਤੀ ਦਾ ਨਾਂ ਕੀ ਹੈ?**

■ *Joseph R. Biden, Jr*

*ਜੌਸਫ ਆਰ ਬਿਡਨ, ਜੂਨੀਅਰ*

■*Joe Biden*

*ਜੋ ਬਿਡਨ*

■ *Biden*

*ਬਿਡਨ*

**30. If the President can no longer serve, who becomes President?**

**ਜੇ ਰਾਸ਼ਟਰਪਤੀ ਹੋਰ ਸਮੇਂ ਲਈ ਕੰਮ ਨਾ ਕਰ ਸਕਦਾ ਹੋਵੇ ਤਾਂ ਉਸ ਦੀ ਥਾਂ ਕੌਣ ਰਾਸ਼ਟਰਪਤੀ ਹੋਵੇਗਾ?**

■ *the Vice President*

*ਉਪ ਰਾਸ਼ਟਰਪਤੀ*

**31. If both the President and the Vice President can no longer serve, who becomes President?**

**ਜੇ ਰਾਸ਼ਟਰਪਤੀ ਅਤੇ ਉਪ ਰਾਸ਼ਟਰਪਤੀ–ਦੋਵੇਂ ਹੋਰ ਸਮੇਂ ਲਈ ਕੰਮ ਨਾ ਕਰ ਸਕਦੇ ਹੋਣ ਤਾਂ ਰਾਸ਼ਟਰਪਤੀ ਕੌਣ ਹੋਵੇਗਾ?**

■ *the Speaker of the House*

*ਸਦਨ ਦਾ ਸਪੀਕਰ*

**32. Who is the Commander in Chief of the military?**

**ਫੌਜਾਂ ਦਾ ਮੁਖ ਕਮਾਂਡਰ ਕੌਣ ਹੈ?**

■ *the President*

*ਰਾਸ਼ਟਰਪਤੀ*

**33. Who signs bills to become laws?**

**ਬਿਲਾਂ ਉਤੇ ਕੌਣ ਦਸਤਖਤ ਕਰਦਾ ਹੈ ਜਿਸ ਨਾਲ ਇਹ ਕਾਨੂੰਨ ਬਣਦੇ ਹਨ?**

■ *the President*

*ਰਾਸ਼ਟਰਪਤੀ*

**34. Who vetoes bills?**

**ਬਿਲ ਵੀਟੋ ਕੌਣ ਕਰਦਾ ਹੈ?**

■ *the President*

*ਰਾਸ਼ਟਰਪਤੀ*

**35. What does the President's Cabinet do?**

**ਰਾਸ਼ਟਰਪਤੀ ਦੀ ਵਜਾਰਤ ਕੀ ਕਰਦੀ ਹੈ?**

■ *advises the President*

*ਰਾਸ਼ਟਰਪਤੀ ਨੂੰ ਸਲਾਹ ਦਿੰਦੀ ਹੈ।*

**36. What are two Cabinet-level positions?**

**ਕੈਬਨਿਟ ਪੱਧਰ ਦੇ ਦੋ ਅਹੁਦੇ ਕਿਹੜੇ ਹਨ?**

■*Secretary of Agriculture*

*ਖੇਤੀ ਮੰਤਰੀ*

■*Secretary of Commerce*
*ਵਪਾਰ ਮੰਤਰੀ*
■ *Secretary of Defense*
*ਰੱਖਿਆ ਮੰਤਰੀ*
■*Secretary of Education*
*ਸਿੱਖਿਆ ਮੰਤਰੀ*
■*Secretary of Energy*
*ਊਰਜਾ ਮੰਤਰੀ*
■*Secretary of Health and Human Services*
*ਸਿਹਤ ਅਤੇ ਮਾਨਵੀ ਸੇਵਾਵਾਂ ਬਾਰੇ ਮੰਤਰੀ*
■*Secretary of Homeland Security*
*ਹੋਮਲੈਂਡ ਸਿਕਿਓਰਟੀ ਮੰਤਰੀ*
■ *Secretary of Housing and Urban Development*
*ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਮੰਤਰੀ*
■ *Secretary of the Interior*
*ਅੰਦਰੂਨੀ ਮਾਮਲਿਆਂ ਬਾਰੇ ਮੰਤਰੀ*
■*Secretary of Labor*
*ਕਿਰਤ ਮੰਤਰੀ*
■*Secretary of State*
*ਗ੍ਰਹਿ ਮੰਤਰੀ*
■ *Secretary of Transportation*
*ਟਰਾਂਸਪੋਰਟ ਮੰਤਰੀ*
■*Secretary of the Treasury*
*ਵਿਤ ਮੰਤਰੀ*
■ *Secretary of Veterans Affairs*
*ਸਾਬਕਾ ਫੌਜੀ ਮਾਮਲਿਆਂ ਬਾਰੇ ਮੰਤਰੀ*
■*Attorney General*
*ਅਟਾਰਨੀ ਜਨਰਲ*
■ *Vice President*
*ਉਪ ਰਾਸ਼ਟਰਪਤੀ*

**37. What does the judicial branch do?**
**ਨਿਆਂਪਾਲਿਕਾ ਸ਼ਾਖਾ ਕੀ ਕਰਦੀ ਹੈ?**
■ *reviews laws*
*ਕਾਨੂੰਨਾਂ ਉਪਰ ਮੁੜ ਵਿਚਾਰ*
■*explains laws*
*ਕਾਨੂੰਨਾਂ ਦੀ ਵਿਆਖਿਆ*
■ *resolves disputes (disagreements)*
*ਵਿਵਾਦਾਂ (ਅਸਹਿਮਤੀਆਂ) ਦਾ ਹੱਲ*
■ *decides if a law goes against the Constitution*
*ਫੈਸਲਾ ਦਿੰਦੀ ਹੈ ਕਿ ਕੀ ਕੋਈ ਕਾਨੂੰਨ ਸੰਵਿਧਾਨ ਦੇ ਵਿਰੁਧ ਜਾਂਦਾ ਹੈ?*

**38. What is the highest court in the United States?**
**ਅਮਰੀਕਾ ਦੀ ਸਰਵੁੱਚ ਅਦਾਲਤ ਕਿਹੜੀ ਹੈ?**
■*the Supreme Court*
*ਸੁਪਰੀਮ ਕੋਰਟ*

**39. How many justices are on the Supreme Court?**
**ਸੁਪਰੀਮ ਕੋਰਟ ਦੇ ਕਿੰਨੇ ਜਸਟਿਸ ਹਨ?**
■ *nine (9)*
*ਨੌਂ (9)*

**40. Who is the Chief Justice of the United States now?**
**ਇਸ ਸਮੇਂ ਅਮਰੀਕਾ ਦਾ ਚੀਫ ਜਸਟਿਸ ਕੌਣ ਹੈ?**
■ *John Roberts (John G. Roberts, Jr.)*
*ਜੌਹਨ ਰੌਬਰਟਸ (ਜੌਹਨ ਜੀ. ਰੌਬਰਟਸ, ਜੂਨੀਅਰ)*

**41. Under our Constitution, some powers belong to the federal government. What is one power of the federal government?**
**ਸਾਡੇ ਸੰਵਿਧਾਨ ਅਧੀਨ ਕੁਝ ਸ਼ਕਤੀਆਂ ਫੈਡਰਲ (ਸੰਘੀ) ਸਰਕਾਰ ਦੀਆਂ ਹੁੰਦੀਆਂ ਹਨ। ਫੈਡਰਲ ਸਰਕਾਰ ਦੀ ਕਿਸੇ ਇਕ ਸ਼ਕਤੀ ਦਾ ਨਾਂ ਲਓ।**
■ *to print money*
*ਮੁਦਰਾ (ਨੋਟਾਂ/ਸਿੱਕੇ) ਦੀ ਛਪਾਈ*
■ *to declare war*
*ਜੰਗ ਦਾ ਐਲਾਨ*
■ *to create an army*
*ਫੌਜ ਬਣਾਉਣਾ*
■ *to make treaties*
*ਸੰਧੀਆਂ ਕਰਨਾ*

**42. Under our Constitution, some powers belong to the states. What is one power of the states?**
**ਸਾਡੇ ਸੰਵਿਧਾਨ ਤਹਿਤ ਕੁਝ ਸ਼ਕਤੀਆਂ ਸਟੇਟਾਂ ਦੀਆਂ ਹਨ। ਸਟੇਟਾਂ ਦੀਆਂ ਉਹ ਸ਼ਕਤੀਆਂ ਕਿਹੜੀਆਂ ਹਨ? ਕੋਈ ਇਕ ਦੱਸੋ।**
■ *provide schooling and education*
*ਸਕੂਲਾਂ ਅਤੇ ਸਿੱਖਿਆ ਦਾ ਪ੍ਰਬੰਧ*
■*provide protection (police)*
*ਲੋਕਾਂ ਨੂੰ (ਪੁਲਿਸ) ਸੁਰੱਖਿਆ ਦੇਣਾ*
■*provide safety (fire departments)*
*ਅੱਗ ਤੋਂ ਸੁਰੱਖਿਆ (ਅੱਗ ਬੁਝਾਊ ਮਹਿਕਮਾ)*
■*give a driver's license*
*ਡਰਾਈਵਿੰਗ ਲਾਈਸੈਂਸ ਦੇਣਾ*
■ *approve zoning and land use*
*ਧਰਤੀ ਦੀ ਵਰਤੋਂ ਅਤੇ ਜ਼ੋਨਿੰਗ ਨੂੰ ਪ੍ਰਵਾਨਗੀ ਦੇਣਾ*

**43. Who is the Governor of your state now?**
**ਇਸ ਸਮੇਂ ਤੁਹਾਡੀ ਸਟੇਟ ਦਾ ਗਵਰਨਰ ਕੌਣ ਹੈ?**
*ਜਵਾਬ ਵਖ ਵਖ ਹੋਵੇਗਾ। {ਡਿਸਟ੍ਰਿਕਟ ਕੋਲੰਬੀਆ ਦੇ ਵਾਸੀਆਂ ਦਾ ਜਵਾਬ ਹੋਵੇਗਾ ਕਿ ਡੀ ਸੀ ਦਾ ਕੋਈ ਗਵਰਨਰ ਨਹੀਂ}*

**44. What is the capital of your state?***
**ਤੁਹਾਡੀ ਸਟੇਟ ਦੀ ਰਾਜਧਾਨੀ ਕਿਹੜੀ ਹੈ?**
■*Answers will vary. [District of Columbia residents should answer that D.C. is not a state and does not have a capital. Residents of U.S. territories should name the capital of the territory.]*
*ਜਵਾਬ ਵਖ ਵਖ ਹੋਣਗੇ। {ਡਿਸਟ੍ਰਿਕਟ ਕੋਲੰਬੀਆ ਦੇ ਵਾਸੀਆਂ ਦਾ ਜਵਾਬ ਹੋਵੇਗਾ ਕਿ ਡੀ ਸੀ ਸਟੇਟ ਨਹੀਂ ਹੈ ਅਤੇ ਇਸ ਕਰਕੇ ਇਸ ਦੀ ਕੋਈ ਰਾਜਧਾਨੀ ਵੀ ਨਹੀਂ ਹੈ। ਅਮਰੀਕੀ ਸੰਘੀ ਖੇਤਰਾਂ ਦੇ ਵਾਸੀਆਂ ਨੂੰ ਆਪਣੇ ਖੇਤਰ ਦੀ ਰਾਜਧਾਨੀ ਦਾ ਨਾਂ ਲੈਣਾ ਚਾਹੀਦਾ ਹੈ।}*

**45. What are the two major political parties in the United States?***

**ਸੰਯੁਕਤ ਰਾਸ਼ਟਰ ਅਮਰੀਕਾ ਵਿਚ ਦੋ ਮੁਖ ਸਿਆਸੀ ਪਾਰਟੀਆਂ ਕਿਹੜੀਆਂ ਹਨ?**

*ਡੈਮੋਕਰੈਟ ਅਤੇ ਰਿਪਬਲਿਕਨ*

**46. What is the political party of the President now?**

**ਮੌਜੂਦਾ ਰਾਸ਼ਟਰਪਤੀ ਕਿਸ ਪਾਰਟੀ ਵਿਚੋਂ ਹੈ?**

*ਡੈਮੋਕਰੈਟਿਕ (ਪਾਰਟੀ)*

**47. What is the name of the Speaker of the House of Representatives now?**

**ਲੋਕ ਪ੍ਰਤੀਨਿਧ ਸਭਾ ਦੇ ਸਪੀਕਰ ਦਾ ਨਾਂ ਕੀ ਹੈ?**

■*(John) Boehner*

*(ਜੌਹਨ) ਬੋਇਹਨਰ*

## C: Rights and Responsibilities

## ੲ. ਅਧਿਕਾਰ ਅਤੇ ਜ਼ਿੰਮੇਵਾਰੀਆਂ

**48. There are four amendments to the Constitution about who can vote. Describe one of them.**

**ਵੋਟ ਦਾ ਹੱਕ ਕਿਸ ਨੂੰ ਹੈ? ਇਸ ਬਾਰੇ ਸੰਵਿਧਾਨ ਵਿਚ ਚਾਰ ਸੋਧਾਂ ਹੋਈਆਂ ਹਨ। ਕਿਸੇ ਇਕ ਬਾਰੇ ਦੱਸੋ।**

■*Citizens eighteen (18) and older (can vote).*

*ਅਠਾਰਾਂ (18) ਅਤੇ ਵੱਧ ਉਮਰ ਦੇ ਸ਼ਹਿਰੀ (ਵੋਟ ਪਾ ਸਕਦੇ ਹਨ)*

■ *You don't have to pay (a poll tax) to vote.*

*ਵੋਟ ਪਾਉਣ ਲਈ ਤੁਹਾਨੂੰ ਕੋਈ ਪੈਸਾ (ਟੈਕਸ ਵਗੈਰਾ) ਦੇਣਾ ਨਹੀਂ ਪਵੇਗਾ।*

■ *Any citizen can vote. (Women and men can vote.)*

*ਕੋਈ ਵੀ ਨਾਗਰਿਕ ਵੋਟ ਪਾ ਸਕਦਾ ਹੈ। (ਔਰਤ ਅਤੇ ਮਰਦ ਵੋਟ ਪਾ ਸਕਦੇ ਹਨ)*

■ *A male citizen of any race (can vote).*

*ਕਿਸੇ ਵੀ ਨਸਲ ਦਾ ਮਰਦ ਨਾਗਰਿਕ (ਵੋਟ ਪਾ ਸਕਦਾ ਹੈ)*

**49. What is one responsibility that is only for United States citizens??**

**ਕਿਸੇ ਜ਼ਿੰਮੇਵਾਰੀ ਦਾ ਨਾਂ ਲਓ ਜੋ ਸਿਰਫ ਸੰਯੁਕਤ ਰਾਸ਼ਟਰ ਅਮਰੀਕਾ ਦੇ ਨਾਗਰਿਕਾਂ ਦੀ ਹੈ?**

■*serve on a jury*

*ਜਿਊਰੀ ਸੇਵਾ*

■ *vote in a federal election*

*ਫੈਡਰਲ ਚੋਣ ਵਿਚ ਵੋਟ ਪਾਉਣਾ।*

**50. Name one right only for United States citizens.**

**ਸੰਯੁਕਤ ਰਾਸ਼ਟਰ ਅਮਰੀਕਾ ਦੇ ਨਾਗਰਿਕਾਂ ਦੇ ਕਿਸੇ ਇਕ ਅਧਿਕਾਰ ਦਾ ਨਾਂ ਲਓ।**

■ *vote in a federal election*

*ਫੈਡਰਲ ਇਲੈਕਸ਼ਨ ਵਿਚ ਵੋਟ ਪਾਉਣਾ*

■ *run for federal office*

*ਫੈਡਰਲ ਅਹੁਦੇ ਲਈ ਚੋਣ ਲੜ ਸਕਣਾ*

**51. What are two rights of everyone living in the United States?**

**ਉਹ ਕਿਹੜੇ ਦੋ ਅਧਿਕਾਰ ਹਨ ਜੋ ਅਮਰੀਕਾ ਰਹਿੰਦੇ ਹਰ ਵਿਅਕਤੀ ਨੂੰ ਹਾਸਲ ਹਨ?**

■ *freedom of expression*

*ਆਪਣੇ ਵਿਚਾਰ ਪ੍ਰਗਟਾਉਣ ਦੀ ਆਜਾਦੀ*

■*freedom of speech*

*ਬੋਲਣ ਦੀ ਆਜਾਦੀ*

■ *freedom of assembly*

*ਇਕੱਠੇ ਹੋਣ ਦੀ ਆਜਾਦੀ*

■ *freedom to petition the government*

*ਸਰਕਾਰ ਅਗੇ ਉਜਰਦਾਰੀ ਕਰਨ ਦੀ ਆਜਾਦੀ*

■ *freedom of worship*

*ਪੂਜਾ-ਅਰਚਨਾ ਦੀ ਆਜਾਦੀ*

■ *the right to bear arms*

*ਹਥਿਆਰ ਗ੍ਰਹਿਣ ਕਰਨ ਦੀ ਆਜਾਦੀ*

**52. What do we show loyalty to when we say the Pledge of Allegiance?**

**ਜਦੋਂ ਅਸੀਂ ਕਹਿੰਦੇ ਹਾਂ, ਵਫਾਦਾਰੀ ਦਾ ਹਲਫ, ਤਾਂ ਕਿਸ ਪ੍ਰਤੀ ਵਫਾਦਾਰੀ ਦੀ ਗੱਲ ਕਰਦੇ ਹਾਂ?**

■ *the United States*

*ਅਮਰੀਕਾ ਪ੍ਰਤੀ*

■ *the flag*

*ਕੌਮੀ ਝੰਡੇ ਪ੍ਰਤੀ*

**53. What is one promise you make when you become a United States citizen?**

**ਜਦੋਂ ਤੁਸੀਂ ਅਮਰੀਕੀ ਨਾਗਰਿਕ ਬਣਦੇ ਹੋ ਤਾਂ ਕੋਈ ਇਕ ਵਾਇਦਾ ਦੱਸੋ, ਜੋ ਤੁਸੀਂ ਕਰਦੇ ਹੋ?**

■ *give up loyalty to other countries*

*ਹੋਰਨਾਂ ਦੇਸ਼ਾਂ ਪ੍ਰਤੀ ਵਫਾਦਾਰੀ ਛਡਣਾ*

■ *defend the Constitution and laws of the United States*

*ਅਮਰੀਕਾ ਦੇ ਸੰਵਿਧਾਨ ਅਤੇ ਕਾਨੂੰਨਾਂ ਦੀ ਰਾਖੀ ਕਰਨਾ*

■*obey the laws of the United States*

*ਅਮਰੀਕਾ ਦੇ ਕਾਇਦੇ-ਕਾਨੂੰਨਾਂ ਦੀ ਪਾਲਣਾ ਕਰਨਾ*

■*serve in the U.S. military (if needed)*

*(ਲੋੜ ਪੈਣ 'ਤੇ) ਅਮਰੀਕੀ ਫੌਜ ਵਿਚ ਸੇਵਾ ਕਰਨਾ*

■ *serve (do important work for) the nation (if needed)*

*(ਲੋੜ ਪੈਣ 'ਤੇ) ਦੇਸ਼ ਦੀ ਸੇਵਾ ਕਰਨਾ (ਅਹਿਮ ਕੰਮ ਕਰਨਾ)*

■ *be loyal to the United States*

*ਅਮਰੀਕਾ ਪ੍ਰਤੀ ਵਫਾਦਾਰ ਰਹਿਣਾ*

**54. How old do citizens have to be to vote for President?***

**ਰਾਸ਼ਟਰਪਤੀ ਦੀ ਚੋਣ ਲਈ ਵੋਟ ਪਾਉਣ ਵਾਸਤੇ ਨਾਗਰਿਕ ਦੀ ਘੱਟੋ-ਘੱਟ ਉਮਰ ਕਿੰਨੀ ਹੋਵੇ?**

■ *eighteen (18) and older*

*ਅਠਾਰਾਂ (18) ਸਾਲ ਅਤੇ ਵੱਧ*

**55. What are two ways that Americans can participate in their democracy?**

**ਉਹ ਦੋ ਤਰੀਕੇ ਦੱਸੋ ਜਿਨ੍ਹਾਂ ਰਾਹੀਂ ਅਮਰੀਕੀ ਨਾਗਰਿਕ ਆਪਣੇ ਲੋਕਤੰਤਰ ਵਿਚ ਹਿੱਸਾ ਲੈ ਸਕਦੇ ਹਨ?**

■ *vote*

*ਵੋਟ ਪਾ ਕੇ*

■ *join a political party*
*ਕਿਸੇ ਸਿਆਸੀ ਪਾਰਟੀ ਵਿਚ ਸ਼ਾਮਲ ਹੋ ਕੇ*
■ *help with a campaign*
*ਕਿਸੇ ਚੋਣ ਮੁਹਿੰਮ ਵਿਚ ਸ਼ਾਮਲ ਹੋ ਕੇ*
■ *join a civic group*
*ਕਿਸੇ ਸਮਾਜਕ ਗਰੁਪ ਵਿਚ ਸ਼ਾਮਲ ਹੋ ਕੇ*
■ *join a community group*
*ਕਿਸੇ ਭਾਈਚਾਰਕ ਗਰੁਪ ਵਿਚ ਸ਼ਾਮਲ ਹੋ ਕੇ*
■ *give an elected official your opinion on an issue*
*ਕਿਸੇ ਚੁਣੇ ਹੋਏ ਅਧਿਕਾਰੀ ਨੂੰ ਕਿਸੇ ਮੁਦੇ 'ਤੇ ਆਪਣੇ ਵਿਚਾਰ ਦਸ ਕੇ*
■ *call Senators and Representatives*
*ਸੈਨੇਟਰਾਂ ਅਤੇ ਲੋਕ ਪ੍ਰਤੀਨਿਧੀਆਂ ਨੂੰ ਫੋਨ ਕਰਕੇ ਜਾਂ ਮਿਲ ਕੇ*
■ *publicly support or oppose an issue or policy*
*ਕਿਸੇ ਮੁਦੇ ਜਾਂ ਨੀਤੀ ਉਤੇ ਆਪਣਾ ਸਮਰਥਨ ਜਾਂ ਵਿਰੋਧ ਪ੍ਰਗਟਾ ਕੇ*
■ *run for office*
*ਕਿਸੇ ਅਹੁਦੇ ਲਈ ਚੋਣ ਲੜ ਕੇ*
■ *write to a newspaper*
*ਅਖਬਾਰਾਂ ਵਿਚ ਲਿਖ ਕੇ*

**56. When is the last day you can send in federal income tax forms?***
**ਫੈਡਰਲ ਇਨਕਮ ਟੈਕਸ ਫਾਰਮ ਭੇਜਣ ਦੀ ਆਖਰੀ ਤਾਰੀਖ ਕੀ ਹੈ?**
■ *April 15*
*15 ਅਪਰੈਲ*

**57. When must all men register for the Selective Service?**
**ਸਾਰੇ ਆਦਮੀਆਂ ਨੂੰ ਸਿਲੈਕਟਿਵ ਸਰਵਿਸ (ਰਾਖਵੀਂ ਫੌਜ) ਲਈ ਆਪਣਾ ਨਾਂ ਕਦੋਂ ਰਜਿਸਟਰ ਕਰਾਉਣਾ ਜਰੂਰੀ ਹੈ?**
■*at age eighteen (18)*
*ਅਠਾਰਾਂ ਸਾਲ ਦੇ ਹੋ ਕੇ*
■ *between eighteen (18) and twenty-six (26)*
*ਅਠਾਰਾਂ (18) ਅਤੇ ਛੱਬੀ (26) ਸਾਲ ਦੀ ਉਮਰ ਵਿਚਾਲੇ*

## AMERICAN HISTORY
## ਅਮਰੀਕੀ ਇਤਿਹਾਸ

### A: Colonial Period and Independence
### (ੳ): ਬਸਤੀਵਾਦੀ ਯੁਗ ਅਤੇ ਆਜਾਦੀ

**58. What is one reason colonists came to America?**
**ਕੋਈ ਇਕ ਕਾਰਣ ਦੱਸੋ ਜਿਸ ਕਰਕੇ ਬਸਤੀਵਾਦੀ ਅਮਰੀਕਾ ਆਏ?**
■ *freedom*
*ਆਜਾਦੀ*
■ *political liberty*
*ਸਿਆਸੀ ਆਜਾਦੀ*
■*religious freedom*
*ਧਾਰਮਕ ਆਜਾਦੀ*
■*economic opportunity*
*ਆਰਥਕ ਮੌਕੇ*
■ *practice their religion*
*ਆਪਣੇ ਧਰਮ ਦੀ ਪਾਲਣਾ ਲਈ*
■ *escape persecution*
*ਜੁਲਮ ਤੋਂ ਬਚਣ ਲਈ*

**59. Who lived in America before the Europeans arrived?**
**ਯੂਰਪੀਨਾਂ ਦੇ ਆਉਣ ਤੋਂ ਪਹਿਲਾਂ ਅਮਰੀਕਾ ਵਿਚ ਕੌਣ ਰਹਿੰਦਾ ਸੀ?**
■ *American Indians*
*ਅਮਰੀਕੀ ਇੰਡੀਅਨ*
■ *Native Americans*
*ਨੇਟਿਵ (ਆਦਿਵਾਸੀ) ਅਮਰੀਕਨ*

**60. What group of people was taken to America and sold as slaves?**
**ਅਮਰੀਕਾ ਵਿਚ ਕਿਹੜੇ ਲੋਕਾਂ ਨੂੰ ਲਿਆਂਦਾ ਗਿਆ ਅਤੇ ਗੁਲਾਮਾਂ ਵਜੋਂ ਵੇਚਿਆ ਗਿਆ?**
■ *Africans*
*ਅਫਰੀਕਨਾਂ ਨੂੰ*
■ *people from Africa*
*ਅਫਰੀਕਾ ਦੇ ਲੋਕਾਂ ਨੂੰ*

**61. Why did the colonists fight the British?**
**ਬਸਤੀਵਾਦੀ ਬਰਤਾਨਵੀ ਹਕੂਮਤ ਵਿਰੁਧ ਕਿਉਂ ਲੜੇ?**
■ *because of high taxes (taxation without representation)*
*ਟੈਕਸਾਂ ਦੀਆਂ ਉਚੀਆਂ ਦਰਾਂ ਕਰਕੇ (ਬਿਨਾ ਕਿਸੇ ਨੁਮਾਇੰਦਗੀ ਤੋਂ ਟੈਕਸ ਲੱਗਣ ਕਰਕੇ)*
■ *because the British army stayed in their houses (boarding, quartering)*
*ਕਿਉਂਕਿ ਬਰਤਾਨਵੀ ਫੌਜ ਉਨ੍ਹਾਂ ਦੇ ਘਰਾਂ ਵਿਚ (ਰਿਹਾਇਸ਼ ਅਤੇ ਖਾਣ-ਪੀਣ ਲਈ) ਰਹਿੰਦੀ ਸੀ*
■*because they didn't have self-government*
*ਕਿਉਂਕਿ ਉਨ੍ਹਾਂ ਨੂੰ ਸਵੈਸ਼ਾਸਨ ਦਾ ਕੋਈ ਹੱਕ ਨਹੀਂ ਸੀ ਦਿਤਾ ਗਿਆ।*

**62. Who wrote the Declaration of Independence?**
**ਆਜਾਦੀ ਦਾ ਐਲਾਨਨਾਮਾ ਕਿਸ ਨੇ ਲਿਖਿਆ ਸੀ?**
■ *(Thomas) Jefferson*
ਥਾਮਸ ਜੈਫਰਸਨ ਨੇ

**63. When was the Declaration of Independence adopted?**
**ਆਜਾਦੀ ਦੇ ਐਲਾਨਨਾਮੇ ਨੂੰ ਕਦੋਂ ਅਪਨਾਇਆ ਗਿਆ?**
■ *July 4, 1776*
*4 ਜੁਲਾਈ, 1776 ਨੂੰ*

**64. There were 13 original states. Name three.**
**ਸ਼ੁਰੂ ਵਿਚ 13 ਸਟੇਟਾਂ ਸਨ, ਉਨ੍ਹਾਂ ਵਿਚੋਂ ਤਿੰਨ ਦੇ ਨਾਂ ਦੱਸੋ।**
■ *New Hampshire*
*ਨਿਊ ਹੈਂਪਸ਼ਾਇਰ*
■ *Massachusetts*
*ਮੈਸਾਚੂਸੈਟਸ*
■*Rhode Island*
*ਰੋਡ੍ਹ ਆਈਲੈਂਡ*

■ *Connecticut*
*ਕੁਨੈਕਟੀਕਟ*
■ *New York*
*ਨਿਊ ਯਾਰਕ*
■ *New Jersey*
*ਨਿਊ ਜਰਸੀ*
■ *Pennsylvania*
*ਪੈਨਸਿਲਵੇਨੀਆ*
■ *Delaware*
*ਡੈਲਵੇਅਰ*
■ *Maryland*
*ਮੈਰੀਲੈਂਡ*
■ *Virginia*
*ਵਰਜੀਨੀਆ*
■*North Carolina*
*ਨਾਰਥ ਕੈਰੋਲਾਈਨਾ*
■*South Carolina*
*ਸਾਊਥ ਕੈਰੋਲਾਈਨਾ*
■ *Georgia*
*ਜਾਰਜੀਆ*

**65. What happened at the Constitutional Convention?**
**ਸੰਵਿਧਾਨਕ ਕਨਵੈਨਸ਼ਨ ਮੌਕੇ ਕੀ ਵਾਪਰਿਆ?**
■ *The Constitution was written.*
*ਸੰਵਿਧਾਨ ਲਿਖਿਆ ਗਿਆ*
■*The Founding Fathers wrote the Constitution.*
*ਸੰਵਿਧਾਨ ਦੇ ਨਿਰਮਾਤਿਆਂ ਨੇ ਸੰਵਿਧਾਨ ਲਿਖਿਆ*

**66. When was the Constitution written?**
*1787*
**ਸੰਵਿਧਾਨ ਕਦੋਂ ਲਿਖਿਆ ਗਿਆ**
■ *1787 ਵਿਚ*

**67. The Federalist Papers supported the passage of the U.S. Constitution. Name one of the writers.**
**ਸੰਘੀ ਦਸਤਾਵੇਜ਼ਾਂ ਵਿਚ ਅਮਰੀਕੀ ਸੰਵਿਧਾਨ ਨੂੰ ਪਾਸ ਕਰਨ ਦਾ ਸਮਰਥਨ ਕੀਤਾ ਗਿਆ। ਇਨ੍ਹਾਂ ਦਸਤਾਵੇਜ਼ਾਂ ਦੇ ਲੇਖਕਾਂ ਵਿਚੋਂ ਕਿਸੇ ਇਕ ਦਾ ਨਾਂ ਦੱਸੋ।**
■ *(James) Madison*
*(ਜੇਮਜ਼) ਮੈਡੀਸਨ*
■*(Alexander) Hamilton*
*(ਅਲੈਗਜੈਂਡਰ) ਹੈਮਿਲਟਨ*
■ *(John) Jay*
*(ਜੌਹਨ) ਜੇ*
■ *Publius*
*ਪਬਲਿਅਸ*

**68. What is one thing Benjamin Franklin is famous for?**
**ਬੈਂਜਾਮਿਨ ਫਰੈਂਕਲਿਨ ਜਿਹੜੀਆਂ ਗੱਲਾਂ ਲਈ ਪ੍ਰਸਿਧ ਹੈ, ਉਨ੍ਹਾਂ ਵਿਚੋਂ ਕਿਸੇ ਇਕ ਦਾ ਨਾਂ ਲਓ।**
■ *U.S. diplomat*
*ਅਮਰੀਕੀ ਦੂਤ*
■ *oldest member of the Constitutional Convention*
*ਸੰਵਿਧਾਨਕ ਕਨਵੈਨਸ਼ਨ ਦਾ ਸਭ ਤੋਂ ਪੁਰਾਣਾ ਮੈਂਬਰ*
? *first Postmaster General of the United State*
*ਅਮਰੀਕਾ ਦਾ ਪਹਿਲਾ ਪੋਸਟਮਾਸਟਰ ਜਨਰਲ*
■ *writer of "Poor Richard's Almanac"*
*"ਪੂਅਰ ਰਿਚਰਡ'ਸ ਅਲਮਾਨੈਕ" ਦਾ ਲੇਖਕ*
■ *started the first free libraries*
*ਪਹਿਲੀ ਮੁਫਤ ਲਾਇਬਰੇਰੀ ਸ਼ੁਰੂ ਕਰਨ ਵਾਲਾ*

**69. Who is the "Father of Our Country"?**
**ਸਾਡੇ ਮੁਲਕ ਦਾ "ਰਾਸ਼ਟਰ ਪਿਤਾ" ਕੌਣ ਹੈ?**
■ *(George) Washington*
*ਜਾਰਜ ਵਾਸ਼ਿੰਗਟਨ*

**70. Who was the first President??**
**ਦੇਸ਼ ਦਾ ਪਹਿਲਾ ਰਾਸ਼ਟਰਪਤੀ ਕੌਣ ਸੀ?**
■ *(George) Washington*
*ਜਾਰਜ ਵਾਸ਼ਿੰਗਟਨ*

## B: 1800s
## ਅ 1800

**71. What territory did the United States buy from France in 1803?**
**1803 ਵਿਚ ਅਮਰੀਕਾ ਨੇ ਫਰਾਂਸ ਤੋਂ ਕਿਹੜਾ ਇਲਾਕਾ ਖਰੀਦਿਆ?**
■*the Louisiana Territory*
*ਲੁਇਸੀਆਨਾ ਦਾ ਇਲਾਕਾ*
■ *Louisiana*
*ਲੁਇਸੀਆਨਾ*

**72. Name one war fought by the United States in the 1800s.**
**19ਵੀਂ ਸਦੀ ਵਿਚ ਅਮਰੀਕਾ ਵਲੋਂ ਲੜੀ ਗਈ ਕਿਸੇ ਇਕ ਲੜਾਈ ਦਾ ਨਾਂ ਲਓ।**
■*War of 1812*
*1812 ਦੀ ਲੜਾਈ*
■*Mexican-American War*
*ਮੈਕਸੀਕੋ ਨਾਲ ਲੜਾਈ*
■ *Civil War*
*ਖਾਨਾਜੰਗੀ*
■ *Spanish-American War*
*ਸਪੇਨ ਨਾਲ ਲੜਾਈ*

**73. Name the U.S. war between the North and the South.**
**ਉਤਰ ਅਤੇ ਦੱਖਣ ਵਿਚਾਲੇ ਹੋਈ ਅਮਰੀਕੀ ਜੰਗ ਦਾ ਨਾਂ ਦੱਸੋ**
■ *the Civil War*
*ਖਾਨਾਜੰਗੀ*
■ *the War between the States*
*ਸਟੇਟਾਂ ਵਿਚਾਲੇ ਲੜਾਈ*

**74. Name one problem that led to the Civil War.**
**ਖਾਨਾਜੰਗੀ ਦਾ ਕਾਰਣ ਬਣਨ ਵਾਲੀਆਂ ਸਮੱਸਿਆਵਾਂ ਵਿਚੋਂ ਕਿਸੇ ਇਕ ਦਾ ਨਾਂ ਲਓ।**

■ *slavery*
*ਗੁਲਾਮੀ*
■ *economic reasons*
*ਆਰਥਕ ਕਾਰਣ*
■ *states' rights*
*ਸਟੇਟਾਂ ਦੇ ਅਧਿਕਾਰ*

**75. What was one important thing that Abraham Lincoln did??**
**ਉਹ ਕਿਹੜੀ ਅਹਿਮ ਚੀਜ਼ ਸੀ ਜੋ ਅਬਰਾਹਮ ਲਿੰਕਨ ਨੇ ਕੀਤੀ?**
■*freed the slaves (Emancipation Proclamation)*
*ਗੁਲਾਮਾਂ ਨੂੰ ਆਜਾਦੀ ਦਿਤੀ (ਗੁਲਾਮੀ ਤੋਂ ਛੁਟਕਾਰੇ ਦਾ ਐਲਾਨਨਾਮਾ)*
■ *saved (or preserved) the Union*
*ਸੰਘ ਨੂੰ ਬਚਾਇਆ (ਕਾਇਮ ਰਖਿਆ)*
■ *led the United States during the Civil War*
*ਖਾਨਾਜੰਗੀ ਦੌਰਾਨ ਸੰਯੁਕਤ ਰਾਸ਼ਟਰ ਦੀ ਅਗਵਾਈ ਕੀਤੀ*

**76. What did the Emancipation Proclamation do?**
**ਗੁਲਾਮੀ ਤੋਂ ਛੁਟਕਾਰੇ ਦੇ ਐਲਾਨਨਾਮੇ ਨਾਲ ਕੀ ਹੋਇਆ?**
■ *freed the slaves*
*ਗੁਲਾਮਾਂ ਨੂੰ ਆਜਾਦੀ ਮਿਲੀ*
■ *freed slaves in the Confederacy*
*ਅਮਰੀਕੀ ਸੰਘ ਵਿਚ ਗੁਲਾਮਾਂ ਨੂੰ ਆਜਾਦੀ ਮਿਲੀ*
■ *freed slaves in the Confederate states*
*ਸੰਘੀ ਸਟੇਟਾਂ ਵਿਚ ਗੁਲਾਮਾਂ ਨੂੰ ਆਜਾਦੀ ਮਿਲੀ*
■*freed slaves in most Southern states*
*ਬਹੁਤੀਆਂ ਦੱਖਣੀ ਸਟੇਟਾਂ ਵਿਚ ਗੁਲਾਮ ਆਜਾਦ ਹੋ ਗਏ*

**77. What did Susan B. Anthony do?**
**ਸੂਜ਼ਨ ਬੀ. ਐਂਥਨੀ ਨੇ ਕੀ ਕੀਤਾ?**
■ *fought for women's rights*
*ਔਰਤਾਂ ਦੇ ਹੱਕਾਂ ਲਈ ਲੜੀ*
■ *fought for civil rights*
*ਨਾਗਰਿਕ ਹੱਕਾਂ ਲਈ ਲੜੀ*

**C: Recent American History and Other Important Historical Information**
**ੲ: ਹਾਲੀਆ ਅਮਰੀਕੀ ਇਤਿਹਾਸ ਅਤੇ ਹੋਰ ਅਹਿਮ ਇਤਿਹਾਸਕ ਜਾਣਕਾਰੀ**

**78. Name one war fought by the United States in the 1900s.?**
**20ਵੀਂ ਸਦੀ ਵਿਚ ਸੰਯੁਕਤ ਰਾਸ਼ਟਰ ਅਮਰੀਕਾ ਵਲੋਂ ਲੜੀਆਂ ਗਈਆਂ ਲੜਾਈਆਂ ਪਿਛੋਂ ਇਕ ਦਾ ਨਾਂ ਲਓ**
■ *World War I*
*ਪਹਿਲੀ ਵਿਸ਼ਵ ਜੰਗ*
■ *World War II*
*ਦੂਜੀ ਵਿਸ਼ਵ ਜੰਗ*
■ *Korean War*
*ਕੋਰੀਆ ਨਾਲ ਜੰਗ*
■ *Vietnam War*
*ਵੀਅਤਨਾਮ ਨਾਲ ਜੰਗ*
■ *(Persian) Gulf War*
*ਫਾਰਸ ਦੀ ਖਾੜੀ ਦੀ ਜੰਗ*

**79.Who was President during World War I?**
**ਪਹਿਲੀ ਵਿਸ਼ਵ ਜੰਗ ਸਮੇਂ ਰਾਸ਼ਟਰਪਤੀ ਕੌਣ ਸੀ?**
■*(Woodrow) Wilson*
*(ਵੁਡਰੋਅ) ਵਿਲਸਨ*

**80. Who was President during the Great Depression and World War II?**
**ਮਹਾਂ ਮੰਦੇ ਅਤੇ ਦੂਜੀ ਵਿਸ਼ਵ ਜੰਗ ਦੌਰਾਨ ਰਾਸ਼ਟਰਪਤੀ ਕੌਣ ਸੀ?**
■ *(Franklin) Roosevelt*
*(ਫਰੈਂਕਲਿਨ) ਰੂਜ਼ਵੈਲਟ*

**81. Who did the United States fight in World War II?**
**ਦੂਜੀ ਵਿਸ਼ਵ ਜੰਗ ਦੌਰਾਨ ਅਮਰੀਕਾ ਦੀ ਲੜਾਈ ਕਿਸ ਨਾਲ ਹੋਈ?**
■ *Japan, Germany, and Italy*
*ਜਪਾਨ, ਜਰਮਨੀ, ਅਤੇ ਇਟਲੀ ਨਾਲ*

**82. Before he was President, Eisenhower was a general. What war was he in?**
**ਰਾਸ਼ਟਰਪਤੀ ਬਣਨ ਤੋਂ ਪਹਿਲਾਂ ਆਈਜ਼ਨਹੌਵਰ ਇਕ ਜਰਨੈਲ ਸੀ। ਕਿਹੜੀ ਲੜਾਈ ਦੌਰਾਨ?**
■ *World War II*
*ਦੂਜੀ ਵਿਸ਼ਵ ਜੰਗ ਸਮੇਂ*

**83. During the Cold War, what was the main concern of the United States?**
**ਠੰਡੀ ਜੰਗ ਦੌਰਾਨ ਅਮਰੀਕਾ ਦੀ ਮੁਖ ਚਿੰਤਾ ਕੀ ਸੀ?**
■*Communism*
*ਕਮਿਊਨਿਜ਼ਮ*

**84. What movement tried to end racial discrimination?**
**ਨਸਲੀ ਵਿਤਕਰੇ ਨੂੰ ਖਤਮ ਕਰਨ ਲਈ ਕਿਹੜੀ ਲਹਿਰ ਨੇ ਕੋਸ਼ਿਸ਼ ਕੀਤੀ?**
■ *civil rights (movement)*
*ਸ਼ਹਿਰੀ (ਨਾਗਰਿਕ) ਹੱਕਾਂ ਦੀ ਲਹਿਰ ਨੇ*

**85. What did Martin Luther King, Jr. do?***
**ਮਾਰਟਿਨ ਲੂਥਰ ਕਿੰਗ, ਜੂਨੀਅਰ ਨੇ ਕੀ ਕੀਤਾ?**
■ *fought for civil rights*
*ਸ਼ਹਿਰੀ ਹੱਕਾਂ ਦੀ ਲੜਾਈ ਲੜੀ*
■ *worked for equality for all Americans*
*ਸਭ ਅਮਰੀਕਨਾਂ ਦੀ ਬਰਾਬਰੀ ਲਈ ਲੜੇ*

**86. What major event happened on September 11, 2001, in the United States?**
**ਅਮਰੀਕਾ ਵਿਚ 11 ਸਤੰਬਰ 2001 ਨੂੰ ਕਿਹੜੀ ਵਡੀ ਘਟਨਾ ਵਾਪਰੀ?**
■ *Terrorists attacked the United States.*
*ਦਹਿਸਤਪਸੰਦਾਂ ਨੇ ਅਮਰੀਕਾ 'ਤੇ ਹਮਲਾ ਕੀਤਾ।*

**87. Name one American Indian tribe in the United States.**
**ਅਮਰੀਕਾ ਵਿਚ ਰਹਿੰਦੇ ਅਮਰੀਕੀ ਇੰਡੀਅਨ ਕਬੀਲਿਆਂ ਵਿਚੋਂ ਕਿਸੇ ਇਕ ਦਾ ਨਾਂ ਲਓ।**
*[USCIS Officers will be supplied with a list of federally recognized American Indian tribes.]*

*{ਯੂ ਐਸ ਸੀ ਆਈ ਐਸ ਅਧਿਕਾਰੀਆਂ ਪਾਸ ਸੰਘੀ ਤੌਰ 'ਤੇ ਪ੍ਰਵਾਨਤ ਅਮਰੀਕੀ ਇੰਡੀਅਨ ਕਬੀਲਿਆਂ ਦੀ ਲਿਸਟ ਹੋਵੇਗੀ}*

■ *Cherokee*
*ਚਿਰੋਕੀ*
■ *Navajo*
*ਨਵਾਜੋ*
■ *Sioux*
*ਸਾਇਓਕਸ*
■ *Chippewa*
*ਚਿਪੇਵਾ*
■ *Choctaw*
*ਚੋਕਟਾ*
■ *Pueblo*
*ਪਿਊਬਲੋ*
■ *Apache*
*ਅਪਾਚੀ*
■ *Iroquois*
*ਇਰੋਕੁਅਇਸ*
■ *Creek*
*ਕਰੀਕ*
■ *Blackfeet*
*ਬਲੈਕਫੀਟ*
■ *Seminole*
*ਸੈਮਿਨੋਲ*
■ *Cheyenne*
*ਚੈਅਨੀ*
■ *Arawak*
*ਅਰਾਵਾਕ*
■ *Shawnee*
*ਸ਼ਾਅਨੀ*
■ *Mohegan*
*ਮੋਹਿਗਾਨ*
■ *Huron*
*ਹਿਓਰੋਨ*
■ *Oneida*
*ਓਨੀਡਾ*
■ *Lakota*
*ਲਾਕੋਟਾ*
■ *Crow*
*ਕਰੋਅ*
■ *Teton*
*ਟੀਟੋਨ*
■ *Hopi*
*ਹੋਪੀ*
■ *Inuit*
*ਇਨੂਇਟ*

## INTEGRATED CIVICS
## ਏਕੀਕ੍ਰਿਤ ਨਾਗਰਿਕ ਸ਼ਾਸਤਰ
### A: Geography
### ਕ: ਭੁਗੋਲ

**88. Name one of the two longest rivers in the United States.**
**ਅਮਰੀਕਾ ਦੇ ਸਭ ਤੋਂ ਲੰਮੇ ਦੋ ਦਰਿਆਵਾਂ ਵਿਚੋਂ ਇਕ ਦਾ ਨਾਂ ਦੱਸੋ?**
■ *Missouri (River)*
*ਮਿਜ਼ੌਰੀ (ਦਰਿਆ)*
■ *Mississippi (River)*
*ਮਿਸੀਸਿਪੀ (ਦਰਿਆ)*

**89. What ocean is on the West Coast of the United States?**
**ਅਮਰੀਕਾ ਦੇ ਪੱਛਮੀ ਤੱਟ 'ਤੇ ਕਿਹੜਾ ਸਮੁੰਦਰ ਹੈ?**
■ *Pacific (Ocean)*
*ਪ੍ਰਸ਼ਾਂਤ (ਮਹਾਂਸਾਗਰ)*

**90. What ocean is on the East Coast of the United States?**
**ਅਮਰੀਕਾ ਦੇ ਪੂਰਬੀ ਤੱਟ 'ਤੇ ਕਿਹੜਾ ਸਮੁੰਦਰ ਹੈ?**
■ *Atlantic (Ocean)*
*ਅੰਧ (ਮਹਾਂਸਾਗਰ)*

**91. Name one U.S. territory.**
**ਅਮਰੀਕੀ ਕੇਂਦਰ ਸ਼ਾਸਤ ਇਲਾਕਿਆਂ ਵਿਚੋਂ ਕਿਸੇ ਇਕ ਦਾ ਨਾਂ ਲਓ?**
■ *Puerto Rico*
*ਪੌਇਰਟੋ ਰੀਕੋ*
■ *U.S. Virgin Islands*
*ਯੂ ਐਸ ਵਰਜ਼ਿਨ ਆਈਲੈਂਡਜ਼*
■ *American Samoa*
*ਅਮੈਰੀਕਨ ਸਮੋਆ*
■*Northern Mariana Islands*
*ਨਾਰਦਰਨ ਮੈਰੀਆਨਾ ਆਈਲੈਂਡਜ਼*
■ *Guam*
*ਗੁਆਮ*

**92. Name one state that borders Canada.**
**ਕੈਨੇਡਾ ਸਰਹੱਦ ਨਾਲ ਲਗਦੀ ਕਿਸੇ ਸਟੇਟ ਦਾ ਨਾਂ ਲਓ।**
■ *Maine*
*ਮੇਨ*
■ *New Hampshire*
*ਨਿਊ ਹੈਂਪਸ਼ਾਇਰ*
■ *Vermont*
*ਵਰਮੌਂਟ*
■ *New York*
*ਨਿਊ ਯਾਰਕ*
■ *Pennsylvania*
*ਪੈਨਸਿਲਵੇਨੀਆ*
■ *Ohio*
*ਓਹਾਇਓ*
■ *Michigan*
*ਮਿਸ਼ੀਗਨ*
■ *Minnesota*
*ਮਿਨੀਸੋਟਾ*
■ *North Dakota*
*ਨਾਰਥ ਡਿਕੋਟਾ*

■ *Montana*
*ਮੌਨਟਾਨਾ*
■ *Idaho*
*ਇਡਾਹੋ*
■ *Washington*
*ਵਾਸ਼ਿੰਗਟਨ*
■ *Alaska*
*ਅਲਾਸਕਾ*

**93. Name one state that borders Mexico.**
**ਮੈਕਸੀਕੋ ਨਾਲ ਲਗਦੀ ਕਿਸੇ ਇਕ ਸਟੇਟ ਦਾ ਨਾਂ ਲਓ।**
■ *California*
*ਕੈਲੀਫੋਰਨੀਆ*
■ *Arizona*
*ਐਰੀਜ਼ੋਨਾ*
■ *New Mexico*
*ਨਿਊ ਮੈਕਸੀਕੋ*
■ *Texas*
*ਟੈਕਸਸ*

**94. What is the capital of the United States?***
**ਅਮਰੀਕਾ ਦੀ ਰਾਜਧਾਨੀ ਦਾ ਨਾਂ?**
■ *Washington, D.C.*
*ਵਾਸ਼ਿੰਗਟਨ ਡੀ ਸੀ*

**95. Where is the Statue of Liberty?***
**ਸਟੈਚੂ ਆਫ ਲਿਬਰਟੀ ਕਿਥੇ ਹੈ?**
■ *New York (Harbor)*
*ਨਿਊ ਯਾਰਕ (ਹਾਰਬਰ)*
■ *Liberty Island*
*ਲਿਬਰਟੀ ਆਈਲੈਂਡ*

*[Also acceptable are New Jersey, near New York City, and on the Hudson (River).*
*{ਨਿਊ ਜਰਸੀ, ਨਿਊ ਯਾਰਕ ਸ਼ਹਿਰ ਨਜਦੀਕ, ਅਤੇ ਹਡਸਨ (ਦਰਿਆ) ਉਤੇ ਵੀ ਕਿਹਾ ਜਾ ਸਕਦਾ ਹੈ}*

## B: Symbols
## ਖ: ਚਿੰਨ੍ਹ

**96. Why does the flag have 13 stripes?**
**ਅਮਰੀਕੀ ਝੰਡੇ ਵਿਚ 13 ਧਾਰੀਆਂ ਕਿਉਂ ਹਨ?**
■ *because there were 13 original colonies*
*ਕਿਉਂਕਿ ਮੁਢਲੇ ਰੂਪ ਵਿਚ 13 ਬਸਤੀਆਂ ਸਨ।*
■ *because the stripes represent the original colonies*
*ਕਿਉਂਕਿ ਇਹ ਧਾਰੀਆਂ ਮੁਢਲੀਆਂ (ਮੂਲ) ਬਸਤੀਆਂ ਦੀ ਪ੍ਰਤੀਨਿਧਤਾ ਕਰਦੀਆਂ ਹਨ।*

**97. Why does the flag have 50 stars?***
**ਕੌਮੀ ਝੰਡੇ ਵਿਚ 50 ਸਿਤਾਰੇ ਕਿਉਂ ਹਨ?**
■ *because there is one star for each state*
*ਕਿਉਂਕਿ ਹਰ ਇਕ ਸਟੇਟ ਲਈ ਇਕ ਸਿਤਾਰਾ ਹੈ।*
■ *because each star represents a state*
*ਕਿਉਂਕਿ ਹਰ ਸਿਤਾਰਾ ਇਕ ਸਟੇਟ ਦੀ ਨੁਮਾਇੰਦਗੀ ਕਰਦਾ ਹੈ।*
■ *because there are 50 states*
*ਕਿਉਂਕਿ ਸੰਯੁਕਤ ਰਾਸ਼ਟਰ ਅਮਰੀਕਾ ਦੀਆਂ 50 ਸਟੇਟਾਂ ਹਨ।*

**98. What is the name of the national anthem?**
**ਕੌਮੀ ਤਰਾਨੇ ਦਾ ਨਾਂ ਕੀ ਹੈ?**
■ *The Star-Spangled Banner*
*ਦੀ ਸਟਾਰ-ਸਪੈਂਗਲਡ ਬੈਨਰ*

## C: Holidays
## ਗ: ਛੁਟੀਆਂ

**99. When do we celebrate Independence Day?***
**ਅਸੀਂ ਆਜਾਦੀ ਦਿਨ ਕਦੋਂ ਮਨਾਉਂਦੇ ਹਾਂ?**
■ *July 4*
*4 ਜੁਲਾਈ ਨੂੰ*

**100. Name two national U.S. holidays.**
**ਦੋ ਅਮਰੀਕੀ ਕੌਮੀ ਛੁਟੀਆਂ ਦੇ ਨਾਂ ਦੱਸੋ।**
■ *New Year's Day*
*ਨਵੇਂ ਸਾਲ ਦਾ ਦਿਨ*
■ *Martin Luther King, Jr. Day*
*ਮਾਰਟਿਨ ਲੂਥਰ ਕਿੰਗ, ਜੂਨੀਅਰ ਦਿਵਸ*
■ *Presidents' Day*
*ਪ੍ਰੈਜ਼ੀਡੈਂਟ'ਸ ਡੇਅ*
■ *Memorial Day*
*ਮੈਮੋਰੀਅਲ ਡੇਅ*
■ *Independence Day*
*ਇੰਡੀਪੈਂਡੈਂਸ ਡੇਅ*
■ *Labor Day*
*ਲੇਬਰ ਡੇਅ*
■ *Columbus Day*
*ਕੋਲੰਬਸ ਡੇਅ*
■ *Veterans Day*
*ਵੈਟਰਨਜ਼ ਡੇਅ*
■ *Thanksgiving*
*ਥੈਂਕਸਗਿਵਿੰਗ*
■ *Christmas*
*ਕ੍ਰਿਸਮਿਸ*

If you are 65 years old or older and have been a legal permanent resident of the United States for 20 or more years, you may study just the questions that have been marked with an asterisk.

*ਜੇ ਤੁਹਾਡੀ ਉਮਰ 65 ਸਾਲ ਜਾਂ ਇਸ ਤੋਂ ਵੱਧ ਹੈ ਅਤੇ ਤੁਸੀਂ ਅਮਰੀਕਾ ਵਿਚ ਪਿਛਲੇ 20 ਸਾਲ ਜਾਂ ਇਸ ਤੋਂ ਵੱਧ ਸਮੇਂ ਤੋਂ ਕਾਨੂੰਨੀ ਪੱਕੇ ਵਾਸੀ ਦੇ ਤੌਰ 'ਤੇ ਰਹਿ ਰਹੇ ਹੋ ਤਾਂ ਤੁਸੀਂ ਸਿਰਫ ਸਟਾਰ ਨਾਲ ਮਾਰਕ ਕੀਤੇ ਸਵਾਲ ਚੇਤੇ ਕਰਕੇ ਵੀ ਕੰਮ ਚਲਾ ਸਕਦੇ ਹੋ।*